THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734


ਨੰ:-ਪੀ.ਐਸ.ਬੀ./ਆਈ.ਟੀ./ਰਿਜਲਟ-16/3144 ਅਤਿ ਜਰੂਰੀ/ਸਮਾਂਬੱਧ ਮਿਤੀ: 7.12.16.

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ /ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ /ਇਸਤਰੀਆਂ ਲਈ ਸੰਸਥਾਵਾਂ,
ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਸੰਸਥਾਵਾਂ
ਪੰਜਾਬ।

**ਵਿਸ਼ਾ:- ਐਨ.ਸੀ.ਵੀ.ਟੀ. (conventional)/ਐਸ.ਸੀ.ਵੀ.ਟੀ.(ਸਮੈਸਟਰ/ conventional)/COE ਅਧੀਨ ਚਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਦੀ ਪ੍ਰੀਖਿਆ ਜੁਲਾਈ-ਅਗਸਤ,2016 ਦੇ ਰਿਜਲਟ update ਕਰਨ ਲਈ ਹਦਾਇਤਾਂ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਦਸਿਆ ਜਾਂਦਾ ਹੈ ਕਿ ਬੋਰਡ ਦਫਤਰ ਵਲੋਂ ਵਿਸ਼ਾ ਜਿਕਰ ਸਕੀਮਾਂ ਅਧੀਨ ਚੱਲ ਰਹੀਆਂ ਅਲੱਗ ਅਲੱਗ ਟਰੇਡਾਂ ਨਾਲ ਸਬੰਧਤ ਪ੍ਰੀਖਿਆ ਜੁਲਾਈ-ਅਗਸਤ,2016 ਦੇ ਤਕਰੀਬਨ ਸਾਰੇ ਰਿਜਲਟ ਬੋਰਡ ਦਫਤਰ ਦੀ ਵੈਬ ਸਾਇਟ ਤੇ ਪਾ ਦਿੱਤੇ ਗਏ ਹਨ। ਉਪਰੋਕਤ ਸਬੰਧੀ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਦੇ ਰਿਜਲਟ ਪ੍ਰੈਕਟੀਕਲ ਜਾਂ ਸੈਸ਼ਨਲ ਮਾਰਕਸ ਨਾਂ ਹੋਣ/ਦਰਸਾਉਣ ਕਾਰਨ ਪੈਡਿੰਗ ਹਨ, ਉਹ ਸੰਸਥਾਵਾਂ ਸਬੰਧਤ ਪ੍ਰੈਕਟੀਕਲ ਜਾਂ ਸੈਸ਼ਨਲ ਮਾਰਕਸ ਦੀਆਂ ਪ੍ਰਿੰਸੀਪਲ ਵਲੋਂ ਤਸਦੀਕ ਸ਼ੁਦਾ ਲਿਸਟਾਂ (ਪ੍ਰਿੰਸੀਪਲ ਦੀ ਸਟੈਂਪ ਸਮੇਤ) ਵਿਸ਼ੇਸ਼ ਹਰਕਾਰੇ ਰਾਹੀਂ ਬੋਰਡ ਦਫਤਰ ਵਿਖੇ ਡਿਪਊਟ ਕਰਕੇ ਸਬੰਧਤ ਸੂਚਨਾ ਸਹਾਇਕ ਨੂੰ ਮਿਤੀ:-15 ਦਸੰਬਰ 2016 ਤੱਕ ਹਰ ਹਾਲਤ ਵਿੱਚ ਹੈਂਡ ਓਵਰ ਕਰਨੀਆਂ ਯਕੀਨੀ ਬਣਾਈਆਂ ਜਾਣ। ਇਸ ਦੇ ਨਾਲ ਇਹ ਵੀ ਸਪਸ਼ਟੀਕਰਨ ਦੇ ਕੇ ਭੇਜਿਆ ਜਾਵੇ ਕਿ ਆਪ ਜੀ ਵਲੋਂ ਇਹ ਸੈਸ਼ਨਲ/ਪ੍ਰੈਕਟੀਕਲ ਮਾਰਕਸ ਦੀਆਂ ਲਿਸਟਾਂ ਬੋਰਡ ਦਫਤਰ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਪਹਿਲਾਂ ਮਿੱਥੇ ਗਏ ਸਮੇਂ ਦੌਰਾਨ Excel ਫਾਰਮਟ ਵਿੱਚ ਕਿਉਂ ਨਹੀਂ ਭੇਜੀਆਂ ਗਈਆਂ? ਇਸ ਤੋਂ ਇਲਾਵਾ ਜਿਹਨਾਂ ਵਿਦਿਆਰਥੀਆਂ ਦਾ ਥਿਊਰੀ ਪੇਪਰਾਂ ਵਿੱਚ ਰਿਜਲਟ ਘੋਸ਼ਿਤ ਨਹੀਂ ਕੀਤਾ ਗਿਆ (ਰਿਜਲਟ ਨੋਟੀਫਿਕੇਸ਼ਨ ਵਿੱਚ ਥਿਊਰੀ ਦੇ ਪੇਪਰਾਂ ਵਿੱਚ 'T' ਦਰਸਾਈ ਗਈ ਹੈ), ਇਹਨਾਂ ਵਿਸ਼ਿਆਂ ਸਬੰਧੀ ਵੀ ਸਬੰਧਤ ਪ੍ਰੀਖਿਆ ਕੇਂਦਰਾਂ ਨਾਲ ਤਾਲਮੇਲ ਕਰਕੇ ਸਬੰਧਤ ਪ੍ਰੀਖਿਆ ਦੀ ਪ੍ਰੀਖਿਆ ਸੈਂਟਰ ਤੋਂ ਤਸਦੀਕ ਸ਼ੁਦਾ ਹਾਜਰੀ ਸ਼ੀਟ ਦੀ ਕਾਪੀ ਪ੍ਰਾਪਤ ਕਰਕੇ ਉਕਤ ਮਿਤੀ ਤੱਕ ਸਬੰਧਤ ਸੂਚਨਾਂ ਸਹਾਇਕ ਪਾਸ ਜਮ੍ਹਾਂ ਕਰਵਾਈ ਜਾਵੇ ਤਾਂ ਜੋ ਬੋਰਡ ਦਫਤਰ ਦੁਆਰਾ ਰਿਜਲਟ ਅਪਡੇਸ਼ਨ ਲਈ ਤਰੁੰਤ ਯੋਗ ਕਾਰਵਾਈ ਕੀਤੀ ਜਾ ਸਕੇ।

ਉਪਰੋਕਤ ਤੋਂ ਇਲਾਵਾ ਵਿਦਿਆਰਥੀਆਂ ਦੇ ਹਿਤ ਨੂੰ ਮੁੱਖ ਰਖਦੇ ਹੋਏ ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਜਦੋ ਵੀ ਬੋਰਡ ਦਫਤਰ ਦੁਆਰਾ ਕਿਸੇ ਵੀ ਪ੍ਰੀਖਿਆ ਦਾ ਰਿਜਲਟ ਬੋਰਡ ਦੀ ਵੈਬ ਸਾਈਟ ਤੇ ਪਾਇਆ ਜਾਂਦਾ ਹੈ ਅਤੇ ਉਸ ਵਿੱਚ ਕਿਸੇ ਵੀ ਤਰਾਂ ਦੀ ਕਮੀ/ਤਰੁੱਟੀ ਹੁੰਦੀ ਹੈ ਤਾਂ ਇਸ ਸਬੰਧੀ ਰਿਜਲਟ ਵਿੱਚ ਸੋਧ ਕਰਵਾਉਣ /ਅਪਡੇਸ਼ਨ ਲਈ ਬੋਰਡ ਦਫਤਰ ਦੁਆਰਾ ਰਿਜਲਟ ਜਾਰੀ ਹੋਣ ਦੀ ਮਿਤੀ ਤੋਂ 15 ਦਿਨ ਦੇ ਅੰਦਰ ਅੰਦਰ ਬੋਰਡ ਦਫਤਰ ਪਾਸ ਲੋੜੀਂਦੇ ਦਸਤਾਵੇਜ ਜਮ੍ਹਾਂ ਕਰਵਾਉਣੇ ਯਕੀਨੀ ਬਣਾਏ ਜਾਣ ਤਾਂ ਜੋ ਇਸ ਉਪਰੰਤ 15 ਦਿਨਾਂ ਦੇ ਅੰਦਰ ਅੰਦਰ ਬੋਰਡ ਦਫਤਰ ਦੁਆਰਾ ਰਿਜਲਟ ਅਪਡੇਸ਼ਨ ਲਈ ਯੋਗ ਕਾਰਵਾਈ ਕੀਤੀ ਜਾ ਸਕੇ। ਉਪਰੋਕਤ ਸਮੇਂ ਤੋਂ ਬਾਅਦ ਬੋਰਡ ਦਫਤਰ ਦੁਆਰਾ ਸੰਸਥਾ ਤੋਂ ਪ੍ਰਾਪਤ ਹੋਈ ਕੋਈ ਵੀ ਸਬੰਧਤ ਸੂਚਨਾ/ਰਿਕਾਰਡ/ਪ੍ਰਤੀ ਬੇਨਤੀ ਤੇ ਵਿਚਾਰ ਨਹੀ ਕੀਤਾ ਜਾਵੇਗਾ। ਇਸ ਦੇ ਨਤੀਜੇ ਵਜੋਂ ਜੇ ਕਿਸੇ ਵੀ ਤਰਾਂ ਦੀ ਕੋਈ ਕਾਨੂਨੀ ਜਾਂ ਕੋਈ ਹੋਰ ਉਲਝਨ ਪੈਦਾ ਹੁੰਦੀ ਹੈ ਤਾਂ ਇਸਦੀ ਪੂਰਨ ਜਿੰਮੇਵਾਰੀ ਸੰਸਥਾ ਦੇ ਪ੍ਰਿੰਸੀਪਲ/ਮੁਖੀ ਦੀ ਹੀ ਠਹਿਰਾਈ ਜਾਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ।

ਨੋਟ:- ਇਹ ਮੁੜ ਖਾਸ ਤੋਰ ਤੇ ਦਰਸਾਇਆ ਜਾਂਦਾ ਹੈ ਕਿ ਭਵਿੱਖ ਵਿੱਚ ਬੋਰਡ ਦਫਤਰ ਦੁਆਰਾ ਬੋਰਡ ਦੀ ਵੈਬ ਸਾਇਟ ਤੇ ਜਾਰੀ ਕੀਤੇ ਗਏ ਰਿਜਲਟ ਵਿੱਚ ਅਪਡੇਸ਼ਨ ਇਕ ਮਹੀਨੇ ਦੇ ਅੰਦਰ ਹੀ ਕੀਤੀ ਜਾਵੇਗੀ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ
2. ਸਿਸਟਮ ਐਡਮਨ.
3. ਐਡਮਨ ਸੈਕਸ਼ਨ

Sd

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ